# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ: ਸਸਅ/ਏਆਈਈ/ਓਓਐਸਸੀ/2010-11/**6984-7003**
ਮਿੱਤੀ ਚੰਡੀਗੜ੍ਹ: **27/01/2011**

**ਵਿਸ਼ਾ: –** ਮਿਤੀ 25/11/10 ਤੋਂ 10/12/10 ਤੱਕ ਅਤੇ ਮਿਤੀ 30/12/10 ਨੂੰ ਕਰਵਾਏ ਗਏ ਘਰੋਂ-ਘਰੀ ਸਿੱਖਿਆ ਸਰਵੇਖਣ ਵਿਚ ਲੱਭੇ ਗਏ ਸਕੂਲੋਂ ਵਿਰਵੇ ਬੱਚਿਆਂ ਨੂੰ ਨਾਲ ਲੱਗਦੇ ਸਕੂਲਾਂ ਵਿੱਚ ਦਾਖਲ ਕਰਵਾਉਣ ਸਬੰਧੀ।

**1.0** ਉਪਰੋਕਤ ਵਿਸ਼ੇ ਤੇ ਆਪ ਜੀ ਨਾਲ ਮਹੀਨਾਵਾਰ ਰੀਵਿਊ ਮੀਟਿੰਗ ਦੌਰਾਨ ਹੋਈ ਗੱਲ-ਬਾਤ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਜਿਵੇਂ ਕਿ ਆਪ ਨੂੰ ਪਤਾ ਹੈ ਕਿ ਸਰਵ ਸਿੱਖਿਆ ਅਭਿਆਨ ਤਹਿਤ ਸਾਲ 2011-12 ਦੀ ਸਲਾਨਾ ਯੋਜਨਾ ਤਿਆਰ ਕਰਨ ਵਾਸਤੇ ਪੰਜਾਬ ਰਾਜ ਵਿਚ 6-14 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ ਦੀ ਸ਼ਿਨਾਖਤ ਕਰਨ ਲਈ ਮਿਤੀ 25/11/10 ਤੋਂ 10/12/10 ਤੱਕ ਅਤੇ ਫਿਰ ਮਿਤੀ 30/12/10 ਨੂੰ ਘਰੋਂ-ਘਰੀ ਸਿੱਖਿਆ ਸਰਵੇਖਣ ਸਮੂਹ ਪ੍ਰਥਮ ਅਤੇ ਏ.ਆਈ.ਈ ਵੰਲਟੀਅਰਾਂ ਪਾਸੋਂ ਕਰਵਾਇਆ ਗਿਆ ਸੀ। ਇਸ ਦੀ ਰਿਪੋਰਟ ਪ੍ਰਾਪਤ ਹੋ ਚੁੱਕੀ ਹੈ। ਵੱਖ-ਵੱਖ ਜ਼ਿਲ੍ਹਿਆਂ ਵਿਚ ਲਭੇ ਗਏ ਸਕੂਲੋਂ ਵਿਰਵੇ ਬੱਚਿਆਂ ਦਾ ਵੇਰਵਾ ਇਸ ਪੱਤਰ ਦੇ ਨਾਲ ਅਨੁਲੱਗ–**`ੳ'** ਅਨੁਸਾਰ ਨੱਥੀ ਕਰਕੇ ਦਿੱਤਾ ਜਾਂਦਾ ਹੈ।

**3.0** ਇਸ ਸਾਰੀ ਜਾਣਕਾਰੀ ਨੂੰ ਦਫ਼ਤਰ ਵਿਚ ਬੜੀ ਡੂੰਘਾਈ ਨਾਲ ਘੋਖਿਆ ਗਿਆ ਹੈ ਅਤੇ ਆਪ ਜੀ ਦੇ ਨਾਲ ਵੀ ਮਹੀਨਾਵਾਰ ਰੀਵਿਊ ਮੀਟਿੰਗ ਵਿਚ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਇਸ ਸਰਵੇਖਣ ਅਨੁਸਾਰ ਇਸ ਸਮੇਂ ਪੰਜਾਬ ਰਾਜ ਵਿਚ 6 ਸਾਲ ਦੀ ਊਮਰ ਦੇ 6,941 ਬੱਚੇ, 7 ਤੋਂ 8 ਸਾਲ ਦੀ ਊਮਰ ਦੇ 7,180 ਬੱਚੇ ਅਤੇ 8 ਤੋਂ 14 ਸਾਲ ਦੀ ਊਮਰ ਦੇ 16,818 ਬੱਚੇ ਸਕੂਲੋਂ ਵਿਰਵੇ ਹਨ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸਕੂਲੋਂ ਵਿਰਵੇ ਬੱਚਿਆਂ ਵਿਚ ਬਹੁਤ ਬੱਚੇ ਪ੍ਰਵਾਸੀ ਹਨ। ਆਮ ਤੌਰ ਤੇ ਵੇਖਣ ਵਿਚ ਆਇਆ ਹੈ ਕਿ ਸਰਵੇਖਣ ਕਰਨ ਤੋਂ ਲੰਬੇ ਅਰਸੇ ਬਾਅਦ ਜੇਕਰ ਇਹਨਾਂ ਬੱਚਿਆਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਇਹ ਬੱਚੇ ਉਦੋਂ ਤੀਕ ਹੋਰ ਥਾਵਾਂ ਤੇ ਸ਼ਿਫਟ ਹੋ ਜਾਂਦੇ ਹਨ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਵਲੋਂ ਰਿਪੋਰਟ ਦਿੱਤੀ ਜਾਂਦੀ ਹੈ ਕਿ ਇਹ ਬੱਚੇ ਇਸ ਵੇਲੇ ਮੌਜੂਦ ਨਹੀਂ ਹਨ।

**4.0** ਸਾਲ 2011-12 ਦੀ ਸਲਾਨਾ ਯੋਜਨਾ ਬਣਾਉਣ ਵਿਚ ਅਜੇ ਕੁੱਝ ਹੋਰ ਸਮਾਂ ਲੱਗ ਸਕਦਾ ਹੈ ਪਰੰਤੂ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਸਰਵੇਖਣ ਕੀਤੇ ਸਕੂਲੋਂ ਵਿਰਵੇ ਬੱਚਿਆਂ ਨੂੰ ਤੁਰੰਤ ਸਕੂਲਾਂ ਵਿਚ ਦਾਖਲ ਕਰਵਾ ਦਿੱਤਾ ਜਾਵੇ ਭਾਵੇਂ ਕਿ ਉਹਨਾਂ ਦੀਆਂ ਕਲਾਸਾਂ 01 ਅਪ੍ਰੈਲ, 2011 ਤੋਂ ਹੀ ਸ਼ੁਰੂ ਕੀਤੀਆਂ ਜਾਣ।

**5.0** ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ 6 ਤੋਂ 8 ਸਾਲ ਦੀ ਊਮਰ ਦੇ ਬੱਚਿਆਂ ਨੂੰ ਸਿੱਧਾ ਹੀ ਸਕੂਲ ਵਿਚ ਦਾਖਲ ਕੀਤਾ ਜਾਵੇ ਅਤੇ ਉਹਨਾਂ ਦੇ ਮਾਂ-ਪਿਓ ਨਾਲ ਸਕੂਲ ਅਧਿਆਪਕਾਂ ਵੱਲੋਂ ਹੁਣ ਤੋਂ ਹੀ ਰਾਬਤਾ ਕਾਇਮ ਕੀਤਾ ਜਾਵੇ। ਇਹ ਵੀ ਵੇਖਣ ਵਿਚ ਆਇਆ ਹੈ ਕਿ ਪੰਜਾਬ ਰਾਜ ਵਿਚ ਬਹੁਤ ਸਾਰੇ ਪ੍ਰਾਇਵੇਟ ਸਕੂਲ ਹਨ ਜੋ ਕਿ ਆਪਣੇ ਦਾਖਲੇ ਬਾਰੇ ਕਾਰਵਾਈ ਜਨਵਰੀ ਮਹੀਨੇ ਤੋਂ ਹੀ ਸ਼ੁਰੂ ਕਰ ਦਿੰਦੇ ਹਨ ਜਦੋਂ ਕਿ ਸਰਕਾਰੀ ਸਕੂਲਾਂ ਵਿਚ ਅਧਿਆਪਕ ਇਹ ਕਾਰਵਾਈ ਅਪ੍ਰੈਲ ਜਾਂ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਕਰਦੇ ਹਨ ਜਦੋਂ ਕਿ ਹੋਰ ਸਕੂਲਾਂ ਦੇ ਦਾਖਲੇ ਹੋ ਚੁੱਕੇ ਹੁੰਦੇ ਹਨ।

**6.0** ਆਪ ਜੀ ਨੂੰ ਲਿੱਖਿਆ ਜਾਂਦਾ ਹੈ ਕਿ 6 ਤੋਂ 8 ਸਾਲ ਦੇ ਬੱਚਿਆਂ ਨੂੰ ਤੁਰੰਤ ਦਾਖਲ ਕਰ ਲਿਆ ਜਾਵੇ। ਜਿੱਥੇ ਤੱਕ 8 ਤੋਂ 14 ਸਾਲ ਦੇ ਸਕੂਲੋਂ ਵਿਰਵੇ ਬੱਚਿਆਂ ਦਾ ਸਬੰਧ ਹੈ, ਇਸ ਬਾਰੇ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਸਕੂਲਾਂ ਵਿਚ ਪਹਿਲਾਂ ਹੀ ਬਣੇ ਏ.ਆਈ.ਈ/ਸਪੈਸ਼ਲ ਟ੍ਰੇਨਿੰਗ ਕੇਂਦਰਾਂ ਰਾਹੀਂ ਇਹਨਾਂ ਬੱਚਿਆਂ ਨੂੰ ਬ੍ਰਿਜ ਕੋਰਸ ਕਰਵਾਇਆ ਜਾਵੇਗਾ ਅਤੇ ਇਹ ਏ.ਆਈ.ਈ/ਸਪੈਸ਼ਲ ਟ੍ਰੇਨਿੰਗ ਕੇਂਦਰ ਸਬੰਧਤ ਸਕੂਲ ਇੰਚਾਰਜ ਦੀ ਨਿਗਰਾਨੀ ਹੇਠ ਹੀ ਚਲਾਏ ਜਾਣਗੇ। ਬ੍ਰਿਜ ਕੋਰਸ ਕਰਨ ਉਪਰੰਤ ਇਹਨਾਂ ਬੱਚਿਆਂ ਨੂੰ ਉਸੇ ਸਕੂਲ ਦੀ ਸਬੰਧਤ ਕਲਾਸ ਵਿਚ ਦਾਖਲ ਵੀ ਕਰ ਦਿੱਤਾ ਜਾਵੇਗਾ। ਇਸ ਸਬੰਧ ਵਿਚ ਵਿਸਥਾਰਪੂਰਵਕ ਹਦਾਇਤਾਂ ਭਾਰਤ ਸਰਕਾਰ ਵੱਲੋਂ ਸਾਲ 2011-12 ਦੀ ਸਲਾਨਾ ਯੋਜਨਾ ਦੀ ਪ੍ਰਵਾਨਗੀ ਤੋਂ ਬਾਅਦ ਹੀ ਜਾਰੀ ਕੀਤੀਆਂ ਜਾਣਗੀਆਂ।

**7.0** ਇਥੇ ਇਹ ਵੀ ਸੱਪਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਵੱਲੋਂ ਨਿਰਧਾਰਤ ਕੀਤੀ ਗਈ ਰੈਸ਼ਨੈਲਾਈਜੇਸ਼ਨ ਪਾਲਿਸੀ ਤਹਿਤ ਸਾਰੇ ਸਰਕਾਰੀ ਸਕੂਲਾਂ ਦੇ ਵੀ 10-04-2010 ਤੱਕ ਦਾਖਲ ਕੀਤੇ ਵਿਦਿਆਰਥੀਆਂ ਦੀ ਗਿਣਤੀ ਦੇ ਅਧਾਰ ਤੇ ਫਿਰ ਮਸੌਦਾ ਤਿਆਰ ਕੀਤਾ ਜਾਵੇ ਅਤੇ ਅਧਿਆਪਕਾਂ ਦੀ ਗਿਣਤੀ ਇਸੀ ਅਨੁਸਾਰ ਹੋਵੇਗੀ। ਇਹ ਗੱਲ ਸਾਫ ਹੈ ਕਿ ਜੇਕਰ ਕਿਸੇ ਸਕੂਲ ਵਿਚ ਅਧਿਆਪਕਾਂ ਦੀ ਗਿਣਤੀ ਸਰਕਾਰੀ ਨਾਰਮ ਅਨੁਸਾਰ ਨਾ ਹੋਈ ਤਾਂ ਅਧਿਆਪਕਾਂ ਦੀ ਬਦਲੀ ਵੀ ਲੋੜ-ਵੰਦ ਸਕੂਲਾਂ ਵਿਚ ਕੀਤੀ ਜਾਵੇਗੀ ਜੀ।

**5.0** ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

-ਸਹੀ-

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

**ਨੱਥੀ:** ਉਪਰੋਕਤ ਅਨੁਸਾਰ

ਅਨੁਲੱਗ-`ੲ'

ਜ਼ਿਲ੍ਹਾ ਵਾਰ ਰਿਪੋਰਟ ਹੇਠ ਅਨੁਸਾਰ ਹੈ: -

| **Column** | | **1** | **2** | **3** | **1+2+3** |
|---|---|---|---|---|---|
| **Sr. No.** | **District** | **Total OoSC of 6 yrs** | **Total OoSC of 7-8 yrs** | **Total OoSC of 8-14 yrs** | **Grand Total OoSC of 6-14 yrs** |
| 1 | Amritsar | 780 | 874 | 1659 | 3313 |
| 2 | Barnala | 46 | 63 | 170 | 279 |
| 3 | Bathinda | 260 | 256 | 1051 | 1567 |
| 4 | Faridkot | 237 | 179 | 1069 | 1485 |
| 5 | Ferozepur | 206 | 496 | 936 | 1638 |
| 6 | Fatehgarh Sahib | 55 | 143 | 144 | 342 |
| 7 | Gurdaspur | 101 | 229 | 683 | 1013 |
| 8 | Hoshiarpur | 305 | 368 | 596 | 1269 |
| 9 | Jalandhar | 450 | 521 | 1037 | 2008 |
| 10 | Kapurthala | 110 | 119 | 308 | 537 |
| 11 | Ludhiana | 1089 | 1259 | 2262 | 4610 |
| 12 | Mansa | 92 | 145 | 481 | 718 |
| 13 | Moga | 326 | 455 | 1075 | 1856 |
| 14 | Mohali | 667 | 356 | 474 | 1497 |
| 15 | Muktsar | 323 | 477 | 1408 | 2208 |
| 16 | Nawanshahar | 44 | 40 | 86 | 170 |
| 17 | Patiala | 174 | 336 | 915 | 1425 |
| 18 | Rupnagar | 85 | 110 | 193 | 388 |
| 19 | Sangrur | 151 | 265 | 1097 | 1513 |
| 20 | Tarn Taran | 1440 | 489 | 1174 | 3103 |
| **Total of Punjab** | | **6941** | **7180** | **16818** | **30939** |